Office for National Statistics

# ਸਮਾਵੇਸ਼ੀ ਡੇਟਾ ਟਾਸਕਫੋਰਸ: ਅਸੀਂ ਆਪਣੇ ਡੇਟਾ ਵਿੱਚ ਵਧੇਰੇ ਸਮਾਵੇਸ਼ੀ ਕਿਵੇਂ ਬਣ ਸਕਦੇ ਹਾਂ?






## ਪੜ੍ਹਨ ਵਿੱਚ ਅਸਾਨ ਕਿਤਾਬਚਾ

ਸਤੰਬਰ 2021

# ਵਿਸ਼ਾ-ਸੂਚੀ




ਅਸੀਂ ਕੌਣ ਹਾਂ ਅਤੇ ਅਸੀਂ ਕੀ ਕੀਤਾ: ਪੰਨਾ 3



ਅਸੀਂ ਕੀ ਜਾਣਨਾ ਚਾਹੁੰਦੇ ਸੀ: ਪੰਨਾ 4



ਅਸੀਂ ਕਿਸ ਨਾਲ ਗੱਲ ਕੀਤੀ: ਪੰਨਾ 5



ਸਾਨੂੰ ਕੀ ਪਤਾ ਲੱਗਾ: ਪੰਨਾ 6



ਤਬਦੀਲੀਆਂ ਜਿਨ੍ਹਾਂ ਦੀ ਅਸੀਂ ਸਿਫਾਰਸ਼ ਕਰਦੇ ਹਾਂ: ਪੰਨਾ 17




ਹੋਰ ਜਾਣਕਾਰੀ: ਪੰਨਾ 17




ਇਸ ਪੜ੍ਹਨ ਵਿੱਚ ਅਸਾਨ ਦਸਤਾਵੇਜ਼ ਵਿੱਚ, ਉਹ ਸ਼ਬਦ ਜਿਨ੍ਹਾਂ ਨੂੰ ਸਮਝਣਾ ਮੁਸ਼ਕਲ ਹੋ ਸਕਦਾ ਹੈ, **ਬੋਲਡ** ਵਿੱਚ ਹਨ। ਇਹਨਾਂ ਸ਼ਬਦਾਂ ਦੀ ਵਰਤੋਂ ਕਰਨ ਤੋਂ ਬਾਅਦ ਅਸੀਂ ਸਮਝਾਉਂਦੇ ਹਾਂ ਕਿ ਉਹਨਾਂ ਦਾ ਕੀ ਅਰਥ ਹੈ।

# ਅਸੀਂ ਕੌਣ ਹਾਂ ਅਤੇ ਅਸੀਂ ਕੀ ਕੀਤਾ



**ਸਮਾਵੇਸ਼ੀ ਡੇਟਾ ਟਾਸਕਫੋਰਸ** ਕਿਹਾ ਜਾਂਦਾ ਹੈ।

ਅਸੀਂ ਇਹ ਸਮਝਣਾ ਚਾਹੁੰਦੇ ਸੀ ਕਿ ਵਿੱਚ ਵੱਖ-ਵੱਖ ਕਿਸਮਾਂ ਦੇ ਲੋਕਾਂ ਬਾਰੇ ਕਿਹੜਾ ਡੇਟਾ ਮੌਜੂਦ ਹੈ। ਅਸੀਂ ਇਹ ਵੀ ਜਾਣਨਾ ਚਾਹੁੰਦੇ ਸੀ ਕਿ ਪਾੜੇ ਕਿੱਥੇ ਹਨ ਅਤੇ ਭਵਿੱਖ ਵਿੱਚ ਵਧੇਰੇ ਸਮਾਵੇਸ਼ੀ ਹੋਣ ਲਈ ਚੀਜ਼ਾਂ ਨੂੰ ਕਿਵੇਂ ਸੁਧਾਰਿਆ ਜਾ ਸਕਦਾ ਹੈ।



ਯੂਕੇ ਦੇ **ਰਾਸ਼ਟਰੀ ਅੰਕੜਾ ਵਿਗਿਆਨੀ** ਨੇ ਸਾਨੂੰ ਇਹ ਦੇਖਣ ਲਈ ਕਿਹਾ ਕਿ ਯੂਕੇ ਦੇ ਡੇਟਾ ਨੂੰ ਬਿਹਤਰ ਬਣਾਉਣ ਅਤੇ ਹੋਰ ਕਿਸਮਾਂ ਦੇ ਲੋਕਾਂ ਨੂੰ ਸ਼ਾਮਲ ਕਰਨ ਵਿੱਚ ਕਿਵੇਂ ਮਦਦ ਕੀਤੀ ਜਾਵੇ। ਅਸੀਂ ਇਹ ਯੂਕੇ ਵਿੱਚ ਡੇਟਾ ਬਾਰੇ **4** ਸਵਾਲ ਪੁੱਛ ਕੇ ਕੀਤਾ।




**ਰਾਸ਼ਟਰੀ ਅੰਕੜਾ ਵਿਗਿਆਨੀ** ਯੂਕੇ ਵਿੱਚ ਰਹਿਣ ਵਾਲੇ ਲੋਕਾਂ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਜ਼ਿੰਮੇਵਾਰ ਹੈ।

ਅਸੀਂ ਇਸ ਕੰਮ ਨੂੰ ਪੂਰਾ ਕਰਨ ਲਈ ਰਾਸ਼ਟਰੀ ਅੰਕੜਾ ਦਫਤਰ ਦੇ ਨਾਲ ਮਿਲ ਕੇ ਕੰਮ ਕੀਤਾ।




ਇਸ ਕਿਤਾਬਚੇ ਵਿੱਚ ਅਸੀਂ ਤੁਹਾਨੂੰ ਦੱਸਦੇ ਹਾਂ ਕਿ ਸਾਨੂੰ ਕੀ ਪਤਾ ਲੱਗਾ। ਤੁਹਾਨੂੰ ਉਨ੍ਹਾਂ ਤਬਦੀਲੀਆਂ ਬਾਰੇ ਵੀ ਦੱਸਦੇ ਹਾਂ ਜੋ ਸਾਡੇ ਖਿਆਲ ਵਿੱਚ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਜੋ ਭਵਿੱਖ ਵਿੱਚ ਡੇਟਾ ਇਕੱਤਰ ਕੀਤਾ ਜਾ ਸਕੇ ਅਤੇ ਸਭ ਤੋਂ ਵਧੀਆ ਢੰਗ ਨਾਲ ਵਰਤਿਆ ਜਾ ਸਕੇ।

# ਅਸੀਂ ਕੀ ਜਾਣਨਾ ਚਾਹੁੰਦੇ ਸੀ




**ਸਮਾਵੇਸ਼ੀ ਡੇਟਾ ਟਾਸਕਫੋਰਸ** ਇਹ ਜਾਣਨਾ ਚਾਹੁੰਦੀ ਸੀ:

1. ਕਿਹੜਾ ਡੇਟਾ ਮੌਜੂਦ ਨਹੀਂ ਹੈ ਜੋ ਲੋਕਾਂ ਦੀਆਂ ਲੋੜਾਂ ਨੂੰ ਬਿਹਤਰ ਤਰੀਕੇ ਨਾਲ ਸਮਝਣ ਵਿੱਚ ਸਹਾਇਤਾ ਕਰੇਗਾ।




2. ਕਿਹੜੀ ਗੱਲ ਲੋਕਾਂ ਲਈ ਡੇਟਾ ਮੁਹੱਈਆ ਕਰਨਾ ਮੁਸ਼ਕਲ ਬਣਾਉਂਦੀ ਹੈ।



3. ਵੱਖ-ਵੱਖ ਕਿਸਮਾਂ ਦੇ ਲੋਕਾਂ ਦੀਆਂ ਲੋੜਾਂ ਨੂੰ ਸਮਝਣ ਲਈ ਪਹਿਲਾਂ ਤੋਂ ਮੌਜੂਦ ਡੇਟਾ ਨੂੰ ਬਿਹਤਰ ਤਰੀਕੇ ਨਾਲ ਕਿਵੇਂ ਵਰਤਿਆ ਜਾਵੇ।



4. ਚੰਗੇ ਕੰਮ ਦੀਆਂ ਉਦਾਹਰਨਾਂ ਤੋਂ ਕਿਵੇਂ ਸਿੱਖਣਾ ਹੈ।

# ਅਸੀਂ ਕਿਸ ਨਾਲ ਗੱਲ ਕੀਤੀ



ਅਸੀਂ ਯੂਕੇ ਦੇ ਸਾਰੇ ਹਿੱਸਿਆਂ ਵਿੱਚ ਵੱਖ-ਵੱਖ ਪਿਛੋਕੜਾਂ ਦੇ ਬਹੁਤ ਸਾਰੇ ਲੋਕਾਂ ਨਾਲ ਗੱਲ ਕੀਤੀ।



ਕਮਿਉਨਿਟੀ ਸੰਸਥਾਵਾਂ ਅਤੇ ਚੈਰਿਟੀਆਂ। ਅਸੀਂ **ਜਨਤਾ** ਨਾਲ ਵੀ ਗੱਲ ਕੀਤੀ, ਜੋ ਸ਼ਾਇਦ ਡੇਟਾ ਮੁਹੱਈਆ ਕਰ ਸਕਦੇ ਹਨ।

**ਜਨਤਾ** ਦਾ ਮਤਲਬ ਹੈ ਆਮ ਲੋਕ ਜਿਵੇਂ ਕਿ ਤੁਹਾਡੇ ਸਥਾਨਕ ਇਲਾਕੇ ਦੇ ਲੋਕ।



ਅਸੀਂ ਸਰਕਾਰ ਅਤੇ ਲੋਕਾਂ ਦੇ ਦੂਜੇ ਸਮੂਹਾਂ ਨਾਲ ਗੱਲ ਕੀਤੀ ਜੋ ਡੇਟਾ ਇਕੱਤਰ ਕਰਦੇ ਅਤੇ ਵਰਤਦੇ ਹਨ।





ਅਸੀਂ ਲੋਕਾਂ ਨਾਲ ਆਨਲਾਈਨ ਗੱਲ ਕੀਤੀ ਅਤੇ ਕੁਝ ਲੋਕਾਂ ਨੇ ਸਾਨੂੰ ਇਹ ਦੱਸਣ ਲਈ ਲਿਖਿਆ ਕਿ ਉਹ ਕੀ ਸੋਚਦੇ ਹਨ।

# ਸਾਨੂੰ ਕੀ ਪਤਾ ਲੱਗਾ
# 1. ਕਿਹੜਾ ਡੇਟਾ ਮੌਜੂਦ ਨਹੀਂ ਹੈ ਜੋ ਲੋਕਾਂ ਦੀਆਂ ਲੋੜਾਂ ਨੂੰ ਬਿਹਤਰ ਤਰੀਕੇ ਨਾਲ ਸਮਝਣ ਵਿੱਚ ਸਹਾਇਤਾ ਕਰੇਗਾ



ਸਾਡੇ ਕੋਲ ਜਿੰਨਾ ਬਿਹਤਰ ਡੇਟਾ ਹੋਵੇਗਾ, ਸਾਨੂੰ ਲੋਕਾਂ ਦੇ ਵਿਚਾਰਾਂ ਅਤੇ ਲੋਕਾਂ ਦੇ ਵੱਖ-ਵੱਖ ਸਮੂਹਾਂ ਦੀਆਂ ਲੋੜਾਂ ਬਾਰੇ ਓਨੀ ਵਧੇਰੇ ਸਮਝ ਹੋਵੇਗੀ।




ਅਸੀਂ ਪਾਇਆ ਕਿ ਯੂਕੇ ਵਿੱਚ ਕੁਝ ਸਮੂਹਾਂ ਲਈ ਡੇਟਾ ਮੌਜੂਦ ਨਹੀਂ ਹੈ। ਦੂਜੇ ਸਮੂਹਾਂ ਲਈ, ਲੋੜੀਂਦਾ ਡੇਟਾ ਨਹੀਂ ਹੈ ਜਾਂ ਡੇਟਾ ਚੰਗੀ ਗੁਣਵੱਤਾ ਦਾ ਨਹੀਂ ਹੈ।



ਇਹਨਾਂ ਸਮੂਹਾਂ ਵਿੱਚ ਅਜਿਹੇ ਲੋਕ ਸ਼ਾਮਲ ਹਨ ਜਿਵੇਂ ਕਿ:

- ਉਹ ਲੋਕ ਜੋ ਟ੍ਰਾਂਸਜੈਂਡਰ ਹਨ
- ਉਹ ਲੋਕ ਜੋ ਕੇਅਰ ਹੋਮਾਂ ਵਿੱਚ ਰਹਿੰਦੇ ਹਨ
- ਉਹ ਲੋਕ ਜੋ ਜੇਲ੍ਹ ਵਿੱਚ ਹਨ
- ਉਹ ਲੋਕ ਜੋ ਬੇਘਰ ਹਨ
- ਜਿਪਸੀ, ਰੋਮਾ ਅਤੇ ਯਾਤਰੀ ਭਾਈਚਾਰਿਆਂ ਦੇ ਲੋਕ
- ਉਹ ਲੋਕ ਜੋ ਘਰ ਛੱਡ ਗਏ ਹਨ ਕਿਉਂਕਿ ਉੱਥੇ ਕੋਈ ਉਨ੍ਹਾਂ ਨੂੰ ਕੁੱਟਦਾ ਹੈ







ਕੁਝ ਬੱਚਿਆਂ ਬਾਰੇ ਵੀ ਬਹੁਤ ਸਾਰਾ ਡੇਟਾ ਨਹੀਂ ਹੈ, ਜਿਵੇਂ ਕਿ:

- ਅਪਾਹਜ ਬੱਚੇ
- ਜਿਹੜੇ ਬੱਚੇ ਦੇਖਭਾਲ ਵਿੱਚ ਹਨ
- ਉਹ ਬੱਚੇ ਜੋ ਕਿਸੇ ਹੋਰ ਦੇਸ਼ ਤੋਂ ਇੱਥੇ ਆਏ ਹਨ
- ਨੌਜਵਾਨ **ਦੇਖਭਾਲਕਰਤਾ**
- ਜਿਪਸੀ, ਰੋਮਾ ਅਤੇ ਯਾਤਰੀ ਭਾਈਚਾਰਿਆਂ ਦੇ ਲੋਕਾਂ ਦੇ ਬੱਚੇ



ਇੱਕ **ਦੇਖਭਾਲਕਰਤਾ** ਕਿਸੇ ਹੋਰ ਵਿਅਕਤੀ ਦੀ ਦੇਖਭਾਲ ਅਤੇ ਸਮਰਥਨ ਕਰਦਾ ਹੈ ਜਿਸਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਸਹਾਇਤਾ ਦੀ ਲੋੜ ਹੁੰਦੀ ਹੈ।



ਉਨ੍ਹਾਂ ਲੋਕਾਂ ਤੋਂ ਵੀ ਡੇਟਾ ਮੌਜੂਦ ਨਹੀਂ ਹੈ ਜੋ ਆਨਲਾਈਨ ਨਹੀਂ ਜਾਂਦੇ ਹਨ ਜਾਂ ਜਾ ਨਹੀਂ ਜਾ ਸਕਦੇ ਹਨ। **ਕੋਵਿਡ-19**, ਜਿਸ ਨੂੰ ਕੋਰੋਨਾਵਾਇਰਸ ਵੀ ਕਿਹਾ ਜਾਂਦਾ ਹੈ, ਨੇ ਸ਼ਾਇਦ ਇਸ ਨੂੰ ਹੋਰ ਬਦਤਰ ਬਣਾ ਦਿੱਤਾ ਹੈ।




**ਕੋਵਿਡ-19** ਇੱਕ ਵਾਇਰਸ ਹੈ ਜੋ ਪੂਰੀ ਦੁਨੀਆ ਦੇ ਲੋਕਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਲੋਕਾਂ ਨੂੰ ਇਸਦੇ ਕਾਰਨ ਬਹੁਤ ਜ਼ਿਆਦਾ ਘਰ ਰਹਿਣਾ ਪਿਆ ਇਸ ਲਈ ਹੁਣ ਜ਼ਿਆਦਾ ਡੇਟਾ ਆਨਲਾਈਨ ਇਕੱਤਰ ਕੀਤਾ ਜਾਂਦਾ ਹੈ।




ਸਾਨੂੰ ਇਹ ਵੀ ਪਤਾ ਲੱਗਿਆ ਕਿ ਕੁਝ ਵਿਸ਼ਿਆਂ 'ਤੇ ਲੋੜੀਂਦਾ ਜਾਂ ਚੰਗੀ ਕੁਆਲਿਟੀ ਦਾ ਡੇਟਾ ਨਹੀਂ ਹੈ। ਉਦਾਹਰਨ ਲਈ, ਇਸ ਬਾਰੇ ਡੇਟਾ ਮੌਜੂਦ ਨਹੀਂ ਹੈ ਕਿ ਲੋਕਾਂ ਦੇ ਕੋਲ ਕਿੰਨਾ ਪੈਸਾ ਹੈ।



ਇਸ ਬਾਰੇ ਡੇਟਾ ਮੌਜੂਦ ਨਹੀਂ ਹੈ ਕਿ ਲੋਕਾਂ ਦਾ ਜਿਨਸੀ ਰੁਝਾਨ ਕੀ ਹੈ ਅਤੇ ਕੀ ਇਸ ਕਾਰਨ ਉਨ੍ਹਾਂ ਨਾਲ ਵੱਖਰਾ ਵਿਵਹਾਰ ਕੀਤਾ ਜਾਂਦਾ ਹੈ।



ਇਸ ਬਾਰੇ ਵੀ ਡੇਟਾ ਮੌਜੂਦ ਨਹੀਂ ਹੈ ਕਿ ਨਵੀਆਂ ਮਾਵਾਂ ਅਤੇ ਗਰਭਵਤੀ ਔਰਤਾਂ ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ।



ਡੇਟਾ ਇਸ ਕਰਕੇ ਮੌਜੂਦ ਨਹੀਂ ਹੋ ਸਕਦਾ ਹੈ ਕਿਉਂਕਿ ਸਵਾਲ **ਸਵੈਇੱਛਤ** ਹਨ।



**ਸਵੈਇੱਛਤ** ਦਾ ਮਤਲਬ ਹੈ ਕਿ ਤੁਸੀਂ ਸਵਾਲ ਦਾ ਉੱਤਰ ਸਿਰਫ ਤਾਂ ਦਿੰਦੇ ਹੋ ਜੇ ਤੁਸੀਂ ਚਾਹੁੰਦੇ ਹੋ।



ਇਸ ਬਾਰੇ ਡੇਟਾ ਮੌਜੂਦ ਨਹੀਂ ਹੈ ਕਿ ਲੋਕਾਂ ਦਾ ਧਰਮ ਕੀ ਹੈ ਅਤੇ ਕੀ ਇਸ ਕਾਰਨ ਉਨ੍ਹਾਂ ਨਾਲ ਵੱਖਰਾ ਵਿਵਹਾਰ ਕੀਤਾ ਜਾਂਦਾ ਹੈ।



ਦੂਜੇ ਲੋਕਾਂ ਦੀ ਤਰਫੋਂ ਮੁਹੱਈਆ ਕੀਤਾ ਗਿਆ ਡੇਟਾ ਕਈ ਵਾਰ ਗਲਤ ਅਤੇ ਅਧੂਰਾ ਹੋ ਸਕਦਾ ਹੈ। ਇਹ ਤਾਂ ਹੋ ਸਕਦਾ ਹੈ ਜੇ ਲੋਕ ਕਿਸੇ ਹੋਰ ਦੇ ਸਵਾਲਾਂ ਦੇ ਉੱਤਰ ਦਿੰਦੇ ਹਨ, ਜਿਵੇਂ ਕਿ ਮਾਪੇ ਆਪਣੇ ਬੱਚਿਆਂ ਦੀ ਤਰਫੋਂ ਜਵਾਬ ਦਿੰਦੇ ਹਨ।



ਜਾਣਕਾਰੀ ਵਿੱਚ ਪਾੜਿਆਂ ਜਾਂ ਘੱਟ ਕੁਆਲਿਟੀ ਦੇ ਅੰਕੜਿਆਂ ਦੇ ਨਾਲ, ਸ਼ਾਇਦ ਅਸੀਂ ਵੱਖ-ਵੱਖ ਕਿਸਮਾਂ ਦੀਆਂ ਲੋੜਾਂ ਵਾਲੇ ਲੋਕਾਂ ਦੀ ਮਦਦ ਕਰਨ ਦੇ ਸਭ ਤੋਂ ਵਧੀਆ ਤਰੀਕਿਆਂ ਬਾਰੇ ਨਹੀਂ ਜਾਣਦੇ ਹਾਂ।

# ਸਾਨੂੰ ਕੀ ਪਤਾ ਲੱਗਾ
# 2. ਕਿਹੜੀ ਚੀਜ਼ ਲੋਕਾਂ ਲਈ ਡੇਟਾ ਮੁਹੱਈਆ ਕਰਨਾ ਮੁਸ਼ਕਲ ਬਣਾਉਂਦੀ ਹੈ



ਲੋਕਾਂ ਦੇ ਵੱਖ-ਵੱਖ ਸਮੂਹਾਂ ਤੋਂ ਡੇਟਾ ਇਕੱਤਰ ਕਰਨਾ ਅਤੇ ਇਹ ਯਕੀਨੀ ਬਣਾਉਣਾ ਮਹੱਤਵਪੂਰਨ ਹੈ ਕਿ ਇਹ ਡੇਟਾ ਉਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਅਤੇ ਸਥਿਤੀਆਂ ਨੂੰ ਸਮਝਣ ਲਈ ਉਪਯੋਗੀ ਹੈ।



ਬਹੁਤ ਸਾਰੇ ਕਾਰਨ ਹਨ ਕਿ ਲੋਕ ਡੇਟਾ ਕਿਉਂ ਮੁਹੱਈਆ ਨਹੀਂ ਕਰਦੇ ਹਨ। ਲੋਕ ਸ਼ਾਇਦ ਡੇਟਾ ਮੁਹੱਈਆ ਕਰਨ ਦੇ ਇੱਛੁਕ ਨਾ ਹੋਣ ਜਾਂ ਮੁਹੱਈਆ ਨਾ ਕਰ ਸਕਦੇ ਹੋਣ।



ਕੁਝ ਲੋਕ ਸ਼ਾਇਦ ਡੇਟਾ ਮੁਹੱਈਆ ਨਹੀਂ ਕਰਵਾਉਣਾ ਚਾਹੁੰਦੇ ਕਿਉਂਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਸਰਕਾਰ ਉਨ੍ਹਾਂ ਨਾਲ ਨਿਰਪੱਖ ਵਿਵਹਾਰ ਕਰਦੀ ਹੈ। ਜਾਂ ਉਹ ਸੋਚਦੇ ਹਨ ਕਿ ਸਰਕਾਰ ਉਨ੍ਹਾਂ ਦੇ ਅੰਕੜਿਆਂ ਦੀ ਵਰਤੋਂ ਉਨ੍ਹਾਂ ਦੇ ਜੀਵਨ ਨੂੰ ਮੁਸ਼ਕਲ ਬਣਾਉਣ ਲਈ ਕਰ ਸਕਦੀ ਹੈ।



ਇਹ ਸਾਰੇ ਲੋਕਾਂ ਦੇ ਨਾਲ ਹੋ ਸਕਦਾ ਹੈ, ਅਤੇ ਖਾਸ ਕਰਕੇ ਉਨ੍ਹਾਂ ਲੋਕਾਂ ਦੇ ਸਮੂਹਾਂ ਨਾਲ ਜਿਨ੍ਹਾਂ ਦੀ **ਘੱਟ ਪ੍ਰਤਿਨਿਧਤਾ** ਕੀਤੀ ਜਾਂਦੀ ਹੈ।

ਦਾ ਮਤਲਬ ਹੈ ਕਿ ਸਾਡੇ ਕੋਲ ਇਸ ਕਿਸਮ ਦੇ ਲੋਕਾਂ ਬਾਰੇ ਦੂਜੀਆਂ ਕਿਸਮਾਂ ਦੇ ਲੋਕਾਂ ਦੇ ਮੁਕਾਬਲੇ ਘੱਟ ਡੇਟਾ ਹੈ।



ਹੋ ਸਕਦਾ ਹੈ ਕਿ ਕੁਝ ਲੋਕ ਡੇਟਾ ਮੁਹੱਈਆ ਨਾ ਕਰਨਾ ਚਾਹੁਣ ਕਿਉਂਕਿ ਉਨ੍ਹਾਂ ਨੂੰ ਬਹੁਤ ਵਾਰ ਪੁੱਛਿਆ ਜਾਂਦਾ ਹੈ। ਉਹ ਮਹਿਸੂਸ ਕਰ ਸਕਦੇ ਹਨ ਕਿ ਕੋਈ ਉਨ੍ਹਾਂ ਦੀ ਗੱਲ ਨਹੀਂ ਸੁਣ ਰਿਹਾ ਕਿਉਂਕਿ ਉਨ੍ਹਾਂ ਨੂੰ ਉਹੀ ਸਵਾਲ ਪੁੱਛੇ ਜਾ ਰਹੇ ਹਨ।




ਲੋਕ ਡੇਟਾ ਮੁਹੱਈਆ ਨਾ ਕਰਨਾ ਚਾਹੁਣ ਕਿਉਂਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਜੇ ਉਹ ਅਜਿਹਾ ਕਰਦੇ ਹਨ ਉਨ੍ਹਾਂ ਜਾਂ ਉਨ੍ਹਾਂ ਦੇ **ਭਾਈਚਾਰੇ** ਲਈ ਕੁਝ ਚੰਗਾ ਹੋਵੇਗਾ।

ਤੁਹਾਡਾ **ਭਾਈਚਾਰਾ** ਉਹ ਖੇਤਰ ਹੈ ਜਿੱਥੇ ਤੁਸੀਂ ਰਹਿੰਦੇ ਹੋ ਅਤੇ ਉਹ ਲੋਕ ਜਿਨ੍ਹਾਂ ਨੂੰ ਤੁਸੀਂ ਜਾਣਦੇ ਹੋ।




ਕੁਝ ਲੋਕ ਸ਼ਾਇਦ ਇਸ ਕਾਰਨ ਡੇਟਾ ਮੁਹੱਈਆ ਨਾ ਕਰਨ ਕਿਉਂਕਿ ਡੇਟਾ ਇਕੱਤਰ ਕਰਨ ਦੇ ਤਰੀਕੇ ਉਨ੍ਹਾਂ ਨੂੰ ਰੋਕ ਦਿੰਦੇ ਹਨ। ਸ਼ਾਇਦ ਇਸ ਵਿੱਚ ਸ਼ਾਮਲ ਹੋ ਸਕਦੇ ਹਨ:



- ਲਿਖਤੀ **ਸਰਵੇਖਣ** ਜਦੋਂ ਲੋਕ ਪੜ੍ਹ ਨਹੀਂ ਸਕਦੇ
- ਉਨ੍ਹਾਂ ਭਾਸ਼ਾਵਾਂ ਵਿੱਚ ਸਰਵੇਖਣ ਜੋ ਲੋਕ ਨਹੀਂ ਸਮਝਦੇ
- ਆਨਲਾਈਨ ਸਰਵੇਖਣ ਜਦੋਂ ਲੋਕ ਕੰਪਿਟਰਾਂ ਦੀ ਵਰਤੋਂ ਨਹੀਂ ਕਰਦੇ
- ਸਰਵੇਖਣ ਦੇ ਅਜਿਹੇ ਸਵਾਲ ਜਿਨ੍ਹਾਂ ਨੂੰ ਸਮਝਣਾ ਮੁਸ਼ਕਲ ਹੈ
- ਉਹ ਸਰਵੇਖਣ ਜੋ ਕਿਸੇ ਸਮੂਹ ਅਤੇ ਉਨ੍ਹਾਂ ਦੇ ਭਾਈਚਾਰੇ ਦੀਆਂ ਲੋੜਾਂ ਨੂੰ ਪੂਰੀ ਤਰ੍ਹਾਂ ਸਮਝੇ ਬਗੈਰ ਕੀਤੇ ਗਏ ਹਨ




**ਸਰਵੇਖਣ** ਲੋਕਾਂ ਨੂੰ ਸਵਾਲ ਪੁੱਛ ਕੇ ਡੇਟਾ ਇਕੱਤਰ ਕਰਦਾ ਹੈ। ਸਰਵੇਖਣ ਵੱਖ-ਵੱਖ ਵਿਸ਼ਿਆਂ ਬਾਰੇ ਜਾਣਕਾਰੀ ਇਕੱਠੀ ਕਰਨ ਵਿੱਚ ਮਦਦ ਕਰ ਸਕਦਾ ਹੈ।



ਹੋ ਸਕਦਾ ਹੈ ਕਿ ਕੁਝ ਲੋਕ ਡੇਟਾ ਮੁਹੱਈਆ ਨਾ ਕਰਨਾ ਚਾਹੁਣ ਕਿਉਂਕਿ ਉਨ੍ਹਾਂ ਨੂੰ ਉਨ੍ਹਾਂ ਦੇ ਬਾਰੇ ਗੱਲਾਂ ਜਿਵੇਂ ਕਿ **ਵਿਅਕਤੀਗਤ ਵਿਸ਼ੇਸ਼ਤਾਵਾਂ** ਨੂੰ ਵਰਣਨ ਕਰਨ ਲਈ ਵਰਤੇ ਗਏ ਸ਼ਬਦ ਪਸੰਦ ਨਹੀਂ ਹੁੰਦੇ।



ਉਮਰ, ਧਰਮ ਅਤੇ ਪਿਛੋਕੜ **ਵਿਅਕਤੀਗਤ ਵਿਸ਼ੇਸ਼ਤਾਵਾਂ** ਦੀਆਂ ਉਦਾਹਰਨਾਂ ਹਨ।



ਕੁਝ ਡੇਟਾ ਇਕੱਤਰ ਕਰਨ ਦੀਆਂ ਗਤੀਵਿਧੀਆਂ ਨੂੰ ਉਨ੍ਹਾਂ ਸ਼ਬਦਾਂ ਜਾਂ ਵਾਕਾਂਸ਼ਾਂ ਨੂੰ ਅਪਡੇਟ ਕਰਨ ਦੀ ਲੋੜ ਹੁੰਦੀ ਹੈ ਜੋ ਉਹ **ਨਸਲ** ਅਤੇ ਅਪਾਹਜਤਾ ਵਰਗੀਆਂ ਚੀਜ਼ਾਂ ਬਾਰੇ ਗੱਲ ਕਰਦੇ ਹੋਏ ਲੋਕਾਂ ਦਾ ਵਰਣਨ ਕਰਨ ਲਈ ਵਰਤਦੇ ਹਨ। ਇਸ ਨਾਲ ਇਸ ਗੱਲ ਨੂੰ ਬਿਹਤਰ ਤਰੀਕੇ ਨਾਲ ਸਮਝਣ ਵਿੱਚ ਸਹਾਇਤਾ ਮਿਲੇਗੀ ਕਿ ਲੋਕਾਂ ਨੂੰ ਕੀ ਚਾਹੀਦਾ ਹੈ।



ਤੁਹਾਡੀ **ਨਸਲ** ਉਹ ਸਭਿਆਚਾਰ ਹੈ ਜਿਸ ਨਾਲ ਤੁਸੀਂ ਜੁੜਿਆ ਹੋਇਆ ਮਹਿਸੂਸ ਕਰਦੇ ਹੋ, ਜੋ ਕਿ ਇਸ ਨਾਲ ਜੁੜਿਆ ਹੋ ਸਕਦਾ ਹੈ ਕਿ ਤੁਹਾਡਾ ਪਰਿਵਾਰ ਕਿੱਥੋਂ ਆਇਆ ਹੈ।



ਇਹ ਮਹੱਤਵਪੂਰਨ ਹੈ ਕਿ ਵਿਅਕਤੀਗਤ ਵਿਸ਼ੇਸ਼ਤਾਵਾਂ ਲਈ ਦਿੱਤੇ ਗਏ ਵਿਕਲਪ ਦਰਸਾਉਂਦੇ ਹੋਣ ਕਿ ਲੋਕ ਆਪਣੇ ਬਾਰੇ ਕਿਵੇਂ ਸੋਚਦੇ ਹਨ।

# ਸਾਨੂੰ ਕੀ ਪਤਾ ਲੱਗਾ
## 3. ਵੱਖ-ਵੱਖ ਕਿਸਮਾਂ ਦੇ ਲੋਕਾਂ ਦੀਆਂ ਲੋੜਾਂ ਨੂੰ ਸਮਝਣ ਲਈ ਪਹਿਲਾਂ ਤੋਂ ਮੌਜੂਦ ਡੇਟਾ ਨੂੰ ਬਿਹਤਰ ਤਰੀਕੇ ਨਾਲ ਕਿਵੇਂ ਵਰਤਿਆ ਜਾਵੇ




ਵਿਅਕਤੀਗਤ ਵਿਸ਼ੇਸ਼ਤਾਵਾਂ ਵਰਗੀਆਂ ਚੀਜ਼ਾਂ ਲਈ ਯੂਕੇ ਦੇ ਸਾਰੇ ਹਿੱਸਿਆਂ ਵਿੱਚ ਡੇਟਾ ਇਕੱਤਰ ਕਰਦੇ ਸਮੇਂ ਸਮਾਨ ਵਰਣਨ ਦੀ ਵਰਤੋਂ ਕਰਨਾ ਮਹੱਤਵਪੂਰਨ ਹੁੰਦਾ ਹੈ।



ਜੇ ਵੱਖਰੇ ਵਰਣਨ ਵਰਤੇ ਜਾਂਦੇ ਹਨ, ਤਾਂ ਡੇਟਾ ਦੀ ਤੁਲਨਾ ਕਰਨਾ ਮੁਸ਼ਕਲ ਹੁੰਦਾ ਹੈ।



ਇਹ ਮਹੱਤਵਪੂਰਨ ਹੈ ਕਿ, ਜਦੋਂ ਅਸੀਂ ਡੇਟਾ ਦੀ ਤੁਲਨਾ ਕਰਦੇ ਹਾਂ, ਅਸੀਂ ਸਹੀ-ਸਹੀ ਸਮਝੀਏ ਕਿ ਕੀ ਇਕੱਤਰ ਕੀਤਾ ਗਿਆ ਹੈ। ਉਦਾਹਰਨ ਲਈ, ਅਪਾਹਜਤਾ ਦਾ ਕੀ ਅਰਥ ਹੈ ਇਸ ਬਾਰੇ ਲੋਕਾਂ ਦੇ ਵੱਖ-ਵੱਖ ਵਿਚਾਰ ਹਨ।



ਜਦੋਂ ਡੇਟਾ ਸਿਰਫ ਬਹੁਤ ਘੱਟ ਲੋਕਾਂ ਤੋਂ ਆਉਂਦਾ ਹੈ, ਇਹ ਗੁਣਵੱਤਾ ਨੂੰ ਘਟਾ ਸਕਦਾ ਹੈ। ਹੋ ਸਕਦਾ ਹੈ ਕਿ ਤੁਹਾਡੇ ਕੋਲ ਇਹ ਸਮਝਣ ਲਈ ਲੋੜੀਂਦਾ ਡੇਟਾ ਨਾ ਹੋਵੇ ਕਿ ਉਹ ਕੀ ਦਿਖਾਉਂਦੇ ਹਨ।



ਘੱਟ ਸੰਖਿਆਵਾਂ ਦੇ ਨਾਲ ਤੁਸੀਂ ਸ਼ਾਇਦ ਲੋਕਾਂ ਦੇ ਸਮੂਹਾਂ ਜਾਂ ਯੂਕੇ ਦੇ ਖੇਤਰਾਂ ਦੇ ਡੇਟਾ ਨੂੰ ਵੀ ਖੁੰਝਾ ਸਕਦੇ ਹੋ ਜੋ ਮਹੱਤਵਪੂਰਨ ਹਨ।



ਘੱਟ ਸੰਖਿਆਵਾਂ ਦੇ ਨਾਲ ਤੁਸੀਂ ਸ਼ਾਇਦ ਸਮੂਹਾਂ ਅਤੇ ਉਨ੍ਹਾਂ ਦੀਆਂ ਵਿਅਕਤੀਗਤ ਵਿਸ਼ੇਸ਼ਤਾਵਾਂ ਨੂੰ ਸਹੀ ਢੰਗ ਨਾਲ ਸਮਝ ਨਾ ਸਕੋ ਅਤੇ ਤੁਲਨਾ ਨਾ ਕਰ ਸਕੋ।



ਇਹ ਮਹੱਤਵਪੂਰਨ ਹੈ ਕਿ ਡੇਟਾ ਤਾਜ਼ਾ ਅਤੇ ਨਵੀਨਤਮ ਹੋਵੇ। ਜੇ ਡੇਟਾ ਪੁਰਾਣਾ ਹੈ, ਤਾਂ ਉਹ ਸ਼ਾਇਦ ਸਹੀ ਜਾਂ ਉਪਯੋਗੀ ਨਾ ਹੋਵੇ।




ਲੋਕਾਂ ਦੇ ਜੀਵਨ ਨੂੰ ਸਮਝਣ ਲਈ ਵੱਖ-ਵੱਖ ਤਰ੍ਹਾਂ ਦੇ ਡੇਟਾ ਇਕੱਤਰ ਕਰਨਾ ਮਹੱਤਵਪੂਰਨ ਹੈ।



ਲੋਕਾਂ ਨੇ ਸਾਨੂੰ ਦੱਸਿਆ ਕਿ ਉਹ ਸੋਚਦੇ ਹਨ ਕਿ ਇਸ ਬਾਰੇ ਵਧੇਰੇ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਲੋਕ ਆਪਣੇ ਜੀਵਨ ਨੂੰ ਆਪਣੇ ਸ਼ਬਦਾਂ ਵਿੱਚ ਕਿਵੇਂ ਬਿਆਨ ਕਰਦੇ ਹਨ।




ਇਹ ਮਹੱਤਵਪੂਰਨ ਹੈ ਕਿ ਜੋ ਲੋਕ ਡੇਟਾ ਇਕੱਤਰ ਕਰਦੇ ਹਨ ਅਤੇ ਇਸਦੀ ਪੜਚੋਲ ਕਰਦੇ ਹਨ ਉਨ੍ਹਾਂ ਨੂੰ ਸਿਖਲਾਈ ਦਿੱਤੀ ਜਾਵੇ ਅਤੇ ਉਨ੍ਹਾਂ ਕੋਲ ਲੋੜੀਂਦੇ ਸਰੋਤ ਹੋਣ।



ਕੁਝ ਲੋਕ ਜੋ ਡੇਟਾ ਦੀ ਵਰਤੋਂ ਅਤੇ ਤੁਲਨਾ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਉਹ ਡੇਟਾ ਪ੍ਰਾਪਤ ਕਰਨਾ ਮੁਸ਼ਕਲ ਲੱਗਦਾ ਹੈ ਜੋ ਉਹ ਚਾਹੁੰਦੇ ਹਨ। ਉਹ ਨਹੀਂ ਜਾਣਦੇ ਕਿ ਕਿਹੜਾ ਡੇਟਾ ਮੌਜੂਦ ਹੈ ਜਾਂ ਉਹ ਕਿੱਥੇ ਹੈ।


**ਸੰਚਾਰ**

ਅਜਿਹੀ ਭਾਸ਼ਾ ਦੀ ਵਰਤੋਂ ਕਰਨਾ ਮਹੱਤਵਪੂਰਨ ਹੁੰਦਾ ਹੈ ਜੋ ਡੇਟਾ ਅਤੇ ਉਹ ਕੀ ਦਿਖਾਉਂਦਾ ਹੈ ਬਾਰੇ ਗੱਲ ਕਰਨ ਵੇਲੇ ਸਮਝਣ ਵਿੱਚ ਅਸਾਨ ਹੋਵੇ।




ਵੱਖ-ਵੱਖ ਭਾਸ਼ਾਵਾਂ ਅਤੇ ਫਾਰਮੈਟਾਂ ਵਿੱਚ ਡੇਟਾ ਅਤੇ ਵਿਚਾਰਾਂ ਨੂੰ ਦਿਖਾਉਣਾ ਮਹੱਤਵਪੂਰਨ ਹੈ ਤਾਂ ਜੋ ਹਰ ਕੋਈ ਉਨ੍ਹਾਂ ਨੂੰ ਪੜ੍ਹ ਅਤੇ ਸਮਝ ਸਕੇ।

# ਸਾਨੂੰ ਕੀ ਪਤਾ ਲੱਗਾ
# 4. ਚੰਗੇ ਕੰਮ ਦੀਆਂ ਉਦਾਹਰਨਾਂ ਤੋਂ ਕਿਵੇਂ ਸਿੱਖਣਾ ਹੈ



ਸਾਡੇ ਦੁਆਰਾ ਡੇਟਾ ਇਕੱਤਰ ਕਰਨ ਅਤੇ ਉਪਯੋਗ ਨੂੰ ਬਿਹਤਰ ਬਣਾਉਣ ਲਈ ਦੂਜੇ ਲੋਕਾਂ ਦੇ ਅਨੁਭਵਾਂ ਤੋਂ ਸਿੱਖਣਾ ਮਹੱਤਵਪੂਰਨ ਹੈ।



ਅਸੀਂ ਆਪਣੇ ਤਜ਼ਰਬੇ ਅਤੇ ਦੂਜੇ ਲੋਕਾਂ ਦੇ ਤਜ਼ਰਬੇ ਦੀ ਵਰਤੋਂ ਕਰ ਸਕਦੇ ਹਾਂ।



ਕੁਝ ਲੋਕਾਂ ਨੇ ਸਾਨੂੰ ਕੰਮ ਕਰਨ ਦੇ ਕੁਝ ਚੰਗੇ ਤਰੀਕਿਆਂ ਬਾਰੇ ਦੱਸਿਆ ਜਿਸ ਤੋਂ ਸਾਨੂੰ ਭਵਿੱਖ ਵਿੱਚ ਸਿੱਖਣ ਦੀ ਉਮੀਦ ਹੈ।



ਦੂਜਿਆਂ ਦੀਆਂ ਸਫਲਤਾਵਾਂ ਤੋਂ ਸਿੱਖ ਕੇ, ਅਸੀਂ ਭਵਿੱਖ ਵਿੱਚ ਹੋਰ ਕਿਸਮ ਦੇ ਲੋਕਾਂ ਨੂੰ ਸ਼ਾਮਲ ਕਰ ਸਕਦੇ ਹਾਂ ਅਤੇ ਉਨ੍ਹਾਂ ਬਾਰੇ ਬਿਹਤਰ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ।

# ਤਬਦੀਲੀਆਂ ਜਿਨ੍ਹਾਂ ਦੀ ਅਸੀਂ ਸਿਫਾਰਸ਼ ਕਰਦੇ ਹਾਂ




1. ਇਹ ਯਕੀਨੀ ਬਣਾਓ ਕਿ ਲੋਕ ਆਪਣਾ ਡੇਟਾ ਸੁਰੱਖਿਅਤ ਢੰਗ ਨਾਲ ਮੁਹੱਈਆ ਕਰ ਸਕਦੇ ਹਨ ਅਤੇ ਉਸ ਨਾਲ ਨਿਰਪੱਖ ਵਿਵਹਾਰ ਕੀਤਾ ਜਾਵੇਗਾ।



2. ਸਾਡੇ ਯੂਕੇ ਦੇ ਸਮੁੱਚੇ ਡੇਟਾ ਨੂੰ ਇਕੱਤਰ ਕਰਨ ਅਤੇ ਉਪਯੋਗ ਕਰਨ ਦੇ ਢੰਗ ਵਿੱਚ ਤਬਦੀਲੀਆਂ ਕਰਨ ਲਈ ਮਿਲ ਕੇ ਕੰਮ ਕਰੋ।



3. ਇਹ ਯਕੀਨੀ ਬਣਾਓ ਕਿ ਲੋਕਾਂ ਦੇ ਸਾਰੇ ਵੱਖ-ਵੱਖ ਸਮੂਹਾਂ ਤੋਂ ਡੇਟਾ ਇਕੱਤਰ ਕੀਤਾ ਗਿਆ ਹੈ।



4. ਇਹ ਯਕੀਨੀ ਬਣਾਓ ਕਿ ਚੰਗੀ ਕੁਆਲਿਟੀ ਦਾ ਡੇਟਾ ਇਕੱਤਰ ਕੀਤਾ ਗਿਆ ਹੈ। ਇਸ ਨਾਲ ਇਸ ਬਾਰੇ ਬਿਹਤਰ ਸਮਝ ਪ੍ਰਾਪਤ ਕਰਨ ਵਿੱਚ ਸਹਾਇਤਾ ਮਿਲੇਗੀ ਕਿ ਲੋਕਾਂ ਦੀਆਂ ਵੱਖ-ਵੱਖ ਵਿਅਕਤੀਗਤ ਵਿਸ਼ੇਸ਼ਤਾਵਾਂ ਇੱਕ ਦੂਜੇ ਨਾਲ ਕਿਵੇਂ ਸੰਬੰਧਤ ਹਨ ਅਤੇ ਉਨ੍ਹਾਂ ਦਾ ਲੋਕਾਂ ਦੇ ਜੀਵਨ 'ਤੇ ਕੀ ਪ੍ਰਭਾਵ ਪੈ ਸਕਦਾ ਹੈ।



5. ਇਹ ਯਕੀਨੀ ਬਣਾਓ ਕਿ ਲੋਕ ਚੀਜ਼ਾਂ ਦਾ ਵਰਣਨ ਕਰਨ ਲਈ ਸਹੀ ਸ਼ਬਦਾਂ ਅਤੇ ਵਾਕਾਂਸ਼ਾਂ ਦੀ ਵਰਤੋਂ ਕਰਦੇ ਹਨ ਅਤੇ ਉਹ ਸਮਝਣ ਵਿੱਚ ਅਸਾਨ ਹਨ।



6. ਵੱਖ-ਵੱਖ ਅਤੇ ਨਵੇਂ ਤਰੀਕਿਆਂ ਨੂੰ ਅਜ਼ਮਾਓ ਤਾਂ ਜੋ ਅਸੀਂ ਵਧੇਰੇ ਲੋਕਾਂ ਅਤੇ ਉਨ੍ਹਾਂ ਦੀਆਂ ਲੋੜਾਂ ਨੂੰ ਬਿਹਤਰ ਤਰੀਕੇ ਨਾਲ ਸਮਝ ਸਕੀਏ।



7. ਨਿਯਮਿਤ ਤੌਰ 'ਤੇ ਜਾਂਚ ਕਰੋ ਕਿ ਇਕੱਤਰ ਕੀਤੀ ਗਈ ਜਾਣਕਾਰੀ ਅਤੇ ਇਸਦਾ ਵਰਣਨ ਹਾਲੇ ਵੀ ਢੁਕਵਾਂ ਹੈ। ਜਾਂਚ ਕਰੋ ਕਿ ਕੀ ਨਵੀਨਤਮ ਰਹਿਣ ਲਈ ਤਬਦੀਲੀਆਂ ਕਰਨ ਦੀ ਲੋੜ ਹੈ।




8. ਇਹ ਯਕੀਨੀ ਬਣਾਓ ਕਿ ਡੇਟਾ ਅਤੇ ਜਾਣਕਾਰੀ ਵੱਖ-ਵੱਖ ਭਾਸ਼ਾਵਾਂ ਅਤੇ ਫਾਰਮੈਟਾਂ ਵਿੱਚ ਪੇਸ਼ ਕੀਤੀ ਜਾਂਦੀ ਹੈ ਤਾਂ ਜੋ ਹਰ ਕੋਈ ਉਨ੍ਹਾਂ ਨੂੰ ਪੜ੍ਹ ਅਤੇ ਸਮਝ ਸਕੇ।



ਜੇ ਇਹ 8 ਚੀਜ਼ਾਂ ਕੀਤੀਆਂ ਜਾਂਦੀਆਂ ਹਨ, ਤਾਂ ਇਸ ਨਾਲ ਭਵਿੱਖ ਵਿੱਚ ਯੂਕੇ ਦੇ ਡੇਟਾ ਨੂੰ ਬਿਹਤਰ ਬਣਾਉਣ ਵਿੱਚ ਸਹਾਇਤਾ ਮਿਲੇਗੀ ਅਤੇ ਇਸਦਾ ਅਰਥ ਹੈ ਕਿ ਵਧੇਰੇ ਕਿਸਮਾਂ ਦੇ ਲੋਕ ਸ਼ਾਮਲ ਹੋ ਸਕਦੇ ਹਨ।

# ਹੋਰ ਜਾਣਕਾਰੀ




ਉਨ੍ਹਾਂ ਸਾਰਿਆਂ ਦਾ ਧੰਨਵਾਦ ਜਿਨ੍ਹਾਂ ਨੇ ਸਾਡੀ ਮਦਦ ਕੀਤੀ।




ਤੁਸੀਂ ਸਾਡੇ ਕੰਮ ਬਾਰੇ ਵਧੇਰੇ ਜਾਣਕਾਰੀ ਆਨਲਾਈਨ ਪੜ੍ਹ ਸਕਦੇ ਹੋ:
**uksa.statisticsauthority.gov.uk**



ਇਹ ਜਾਣਕਾਰੀ ਕਿਸੇ ਹੋਰ ਭਾਸ਼ਾ ਜਾਂ ਫਾਰਮੈਟ ਵਿੱਚ ਚਾਹੁੰਦੇ ਹੋ, ਤਾਂ ਇਸ ਪਤੇ 'ਤੇ ਇੱਕ ਈਮੇਲ ਭੇਜੋ:
**equalities@ons.gov.uk**



ਜਾਂ ਇਸ ਟੈਲੀਫੋਨ ਨੰਬਰ 'ਤੇ ਕਾਲ ਕਰੋ:
**0800 298 5313**